# Telephone Conversation between Prime Minister Shri Narendra Modi and Prime Minister of UK The Rt Hon Boris Johnson

January 05, 2021

## ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਅਤੇ ਇੰਗਲੈਂਡ ਦੇ ਪ੍ਰਧਾਨ ਮੰਤਰੀ ਮਾਣਯੋਗ ਬੋਰਿਸ ਜੌਨਸਨ ਦੇ ਦਰਮਿਆਨ ਟੈਲੀਫ਼ੋਨ ’ਤੇ ਗੱਲਬਾਤ ਹੋਈ

5 ਜਨਵਰੀ, 2021

ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਅੱਜ ਇੰਗਲੈਂਡ ਦੇ ਪ੍ਰਧਾਨ ਮੰਤਰੀ ਮਾਣਯੋਗ ਬੋਰਿਸ ਜੌਨਸਨ ਨਾਲ ਟੈਲੀਫ਼ੋਨ ਉੱਤੇ ਗੱਲਬਾਤ ਕੀਤੀ।

ਪ੍ਰਧਾਨ ਮੰਤਰੀ ਜੌਨਸਨ ਨੇ ਆਉਣ ਵਾਲੇ ਗਣਤੰਤਰ ਦਿਵਸ ਦੇ ਜਸ਼ਨਾਂ ਵਿੱਚ ਮੁੱਖ ਮਹਿਮਾਨ ਵਜੋਂ ਭਾਰਤ ਦੇ ਸੱਦੇ ਲਈ ਆਪਣਾ ਧੰਨਵਾਦ ਦੁਹਰਾਇਆ ਲੇਕਿਨ ਇੰਗਲੈਂਡ ਵਿੱਚ ਪਾਏ ਜਾ ਰਹੇ ਕੋਵਿਡ–19 ਦੇ ਇੱਕ ਬਦਲਵੇਂ ਰੂਪ ਦੇ ਕਾਰਨ ਉਸ ਮੌਕੇ ਹਾਜ਼ਰ ਰਹਿਣ ਤੋਂ ਆਪਣੀ ਅਸਮਰੱਥਾ ਲਈ ਅਫ਼ਸੋਸ ਪ੍ਰਗਟਾਇਆ। ਉਨ੍ਹਾਂ ਨੇੜ–ਭਵਿੱਖ ’ਚ ਭਾਰਤ ਦੇ ਦੌਰੇ ਉੱਤੇ ਆਉਣ ਦੀ ਆਪਣੀ ਇੱਛਾ ਦੁਹਰਾਈ।

ਪ੍ਰਧਾਨ ਮੰਤਰੀ ਨੇ ਇੰਗਲੈਂਡ ’ਚ ਇਸ ਸਮੇਂ ਚਲ ਰਹੇ ਵਿਸ਼ੇਸ਼ ਹਾਲਾਤ ਬਾਰੇ ਸਮਝਦਿਆਂ ਮਹਾਮਾਰੀ ਦੇ ਫੈਲਣ ਉੱਤੇ ਤੁਰੰਤ ਕਾਬੂ ਪਾਉਣ ਲਈ ਆਪਣੀਆਂ ਸ਼ੁਭਕਾਮਨਾਵਾਂ ਪ੍ਰਗਟਾਈਆਂ। ਉਨ੍ਹਾਂ ਕਿਹਾ ਕਿ ਹਾਲਾਤ ਸੁਖਾਵੇਂ ਹੋਣ ਤੋਂ ਬਾਅਦ ਉਹ ਛੇਤੀ ਤੋਂ ਛੇਤੀ ਭਾਰਤ ਵਿੱਚ ਪ੍ਰਧਾਨ ਮੰਤਰੀ ਜੌਨਸਨ ਦਾ ਸੁਆਗਤ ਕਰਨ ਦੇ ਚਾਹਵਾਨ ਹਨ।

ਦੋਵੇਂ ਆਗੂਆਂ ਨੇ ਦੁਨੀਆ ਨੂੰ ਉਪਲਬਧ ਕਰਵਾਉਣ ਲਈ ਕੋਵਿਡ–19 ਵੈਕਸੀਨਾਂ ਬਣਾਉਣ ਦੇ ਖੇਤਰ ਸਮੇਤ ਦੋਵੇਂ ਦੇਸ਼ਾਂ ਵਿਚਾਲੇ ਚਲ ਰਹੇ ਸਹਿਯੋਗ ਦੀ ਸਮੀਖਿਆ ਕੀਤੀ। ਉਨ੍ਹਾਂ ਬ੍ਰੈਗਜ਼ਿਟ ਤੋਂ ਬਾਅਦ ਕੋਵਿਡ ਸੰਦਰਭ ਤੋਂ ਬਾਅਦ ਭਾਰਤ–ਇੰਗਲੈਂਡ ਭਾਈਵਾਲੀ ਦੀ ਸੰਭਾਵਨਾ ਵਿੱਚ ਆਪਣਾ ਵਿਸ਼ਵਾਸ ਮੁੜ ਸਾਂਝਾ ਕੀਤਾ ਅਤੇ ਇਸ ਸੰਭਾਵਨਾ ਨੂੰ ਸਾਕਾਰ ਕਰਨ ਲਈ ਇੱਕ ਵਿਆਪਕ ਖ਼ਾਕਾ ਤਿਆਰ ਕਰਨ ਲਈ ਕੰਮ ਕਰਨ ਦੀ ਸਹਿਮਤੀ ਪ੍ਰਗਟਾਈ।

ਨਵੀਂ ਦਿੱਲੀ
5 ਜਨਵਰੀ, 2021

DISCLAIMER: This is an approximate translation. The original is available in English on MEA’s website and may be referred to as the official press release.